International Research Journal of Humanities, Language and Literature ISSN: (2394-1642)
Impact Factor 6.959 Volume 8, Issue 12, December 2021
Association of Academic Researchers and Faculties (AARF)
Website-www.aarf.asia, Email : editoraarf@gmail.com

# ਸਿੱਖ ਧਰਮ ਵਿਚ ਸੇਵਾ ਦਾ ਸੰਕਲਪ

**ਦੇਵਿੰਦਰ ਬੀਬੀਪੁਰੀਆ**

ਅੱਜ ਜਦੋਂ ਇਸ ਮਸ਼ੀਨੀ ਯੁਗ ਵਿਚ ਇਨਸਾਨ ਇਨਸਾਨੀਅਤ ਤੋਂ ਬੇਮੁੱਖ ਹੁੰਦਾ ਜਾ ਰਿਹਾ ਹੈ। ਉਸ ਵਿਚੋਂ ਮਾਨਵੀ ਕਦਰਾਂ ਕੀਮਤਾਂ, ਰਿਸ਼ਤਾ ਨਾਤਾ ਪ੍ਰਣਾਲੀ, ਅਤੇ ਮਨੁੱਖੀ ਸੇਵਾ ਦੀ ਭਾਵਨਾ ਮਨਫੀ ਹੁੰਦੀ ਜਾ ਰਹੀ ਹੈ। ਅਜਿਹੇ ਸਮੇਂ ਵਿਚ ਉਹ ਆਪਣੀਆਂ ਭੌਤਿਕ ਇੱਛਾਵਾਂ ਦੇ ਵਸ਼ੀਕਰਨ ਹੋ ਕੇ ਕਦੇ ਨਾ ਖ਼ਤਮ ਹੋਣ ਵਾਲੀ ਲਾਲਚ ਦੀ ਦੌੜ ਦਾ ਹਿੱਸਾ ਬਣਦਾ ਜਾ ਰਿਹਾ ਹੈ। ਇਸ ਦੌੜ ਵਿਚ ਉਹ ਇਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਵਿਚ 'ਖੇਡ ਨੂੰ ਖੇਡ ਦੀ ਭਾਵਨਾ ਨਾਲ ਖੇਡਣਾ ਚਾਹੀਦਾ ਹੈ' ਵਾਲੀ ਪ੍ਰਣਾਲੀ ਨੂੰ ਛੱਡ ਕੇ 'ਖੇਡ ਹਮੇਸ਼ਾ ਜਿੱਤਣ ਲਈ ਖੇਡੀ ਜਾਂਦੀ ਹੈ' ਵਾਲੀ ਨੀਤੀ ਤੇ ਤੁਰ ਪਿਆ ਹੈ। ਉਹ ਇਸ ਦੌੜ ਨੂੰ ਜਿੱਤਣ ਲਈ ਇਕ ਦੂਜੇ ਦੇ ਮੋਢੇ ਤੇ ਪੈਰ ਰੱਖ ਕੇ ਅੱਗੇ ਨਿਕਲਣ ਲਈ ਵੀ ਤਿਆਰ ਹੈ। ਉਹ ਇਸ ਇਸ ਦੌੜ ਨੂੰ ਜਿੱਤਣ ਸਮੇਂ ਰਿਸਤਿਆਂ ਨੂੰ ਵੀ ਪੌੜੀਆਂ ਬਣਾਉਣ ਵਿਚ ਸੰਕੋਚ ਨਹੀਂ ਕਰਦਾ। ਇਸ ਦੌੜ ਵਿਚ ਦੌੜ ਰਹੇ ਮਸ਼ੀਨ ਬਣ ਚੁੱਕੇ ਮਨੁੱਖ ਨੂੰ ਜੇ ਕੋਈ ਦੁਬਾਰਾ ਇਨਸਾਨ ਬਣਾ ਸਕਦਾ ਹੈ ਤਾਂ ਉਹ ਹੈ ਧਰਮ ਅਤੇ ਸੇਵਾ ਦਾ ਮਾਰਗ।

ਉਂਝ ਤਾਂ ਵਿਸ਼ਵ ਦਾ ਕੋਈ ਵੀ ਧਰਮ ਸੇਵਾ ਦੇ ਸੰਕਲਪ ਤੋਂ ਮੁਨਕਰ ਨਹੀਂ ਹੈ। ਧਰਮ ਕੋਈ ਵੀ ਹੋਵੇ ਉਹ ਹਮੇਸ਼ਾ ਨਿਸ਼ਕਾਮ ਭਾਵਨਾ ਤੋਂ ਕੀਤੀ ਸੇਵਾ ਦੇ ਪੱਖ ਵਿਚ ਹੀ ਹੁੰਦਾ ਹੈ। ਹਰ ਧਰਮ ਵਿਚ ਸੇਵਾ ਦਾ ਵਿਸ਼ੇਸ਼ ਮਹੱਤਵ ਮੰਨਿਆ ਗਿਆ ਹੈ। ਵੱਖ ਵੱਖ ਧਰਮਾਂ ਵਿਚ ਸੇਵਾ ਦਾ ਵੱਖ ਵੱਖ ਮਹੱਤਵ ਦੱਸਿਆ ਗਿਆ ਹੈ। ਜੇਕਰ ਸਿੱਖੀ ਵਿਚਲੀ ਪ੍ਰਚਲਿਤ ਵਿਚਾਰਧਾਰਾ ਅਨੁਸਾਰ ਸੇਵਾ ਦਾ ਵਰਗੀਕਰਨ ਕਰੀਏ ਤਾਂ ਅਸੀਂ ਇਸ ਨੂੰ ਤਿੰਨ ਵਰਗਾਂ ਵਿਚ ਵਿਭਾਜਿਤ ਕਰ ਸਕਦੇ ਹਾਂ।

1. ਪਰਮਾਤਮਾ ਦੀ ਸੇਵਾ
2. ਗੁਰੂ ਦੀ ਸੇਵਾ
3. ਮਾਨਵਤਾ ਦੀ ਸੇਵਾ

ਜੇਕਰ ਹੋਰ ਧਰਮਾਂ ਦਾ ਮੁਲਾਂਕਣ ਕਰੀਏ ਤਾਂ ਵੀ ਸੇਵਾ ਦੇ ਮੂਲ ਆਧਾਰ ਲਗਭਗ ਇਹੀ ਦੇਖਣ ਨੂੰ ਮਿਲਦੇ ਹਨ। ਭਾਰਤ ਦੇ ਸਾਰਿਆਂ ਧਰਮਾਂ ਦੇ ਮੁਲਾਂਕਣ ਤੋਂ ਬਾਅਦ ਪਤਾ ਲੱਗਦਾ ਹੈ ਕਿ ਸੇਵਾ ਕਿਸ ਕਿਸ ਤਰ੍ਹਾਂ ਨਾਲ ਕੀਤੀ ਜਾਂਦੀ ਹੈ ਤਾਂ ਸੇਵਾ ਦੇ ਕਈ ਰੂਪ ਨਿੱਤਰ ਕੇ ਸਾਹਮਣੇ ਆਉਂਦੇ ਹਨ। ਜਿਵੇਂ ਧਰਮ ਦੀ ਸੇਵਾ, ਦੇਸ਼ ਦੀ ਸੇਵਾ, ਸਮਾਜ ਦੀ ਸੇਵਾ, ਮਾਨਵਤਾ ਦੀ ਸੇਵਾ, ਗਰੀਬਾਂ ਦੀ ਸੇਵਾ, ਮਜ਼ਲੂਮਾਂ ਦੀ ਸੇਵਾ, ਗੁਰੂ ਦੀ ਸੇਵਾ, ਮਾਂ ਬਾਪ ਦੀ ਸੇਵਾ, ਸਾਧ ਜਨਾਂ ਕੀ ਸੇਵਾ, ਭੁੱਖਿਆਂ ਦੀ ਸੇਵਾ, ਬਿਮਾਰਾਂ ਤੇ ਲਾਚਾਰਾਂ ਦੀ ਸੇਵਾ, ਬੇਆਸਰਿਆਂ ਦੀ ਸੇਵਾ ਅਤੇ ਲੋੜਵੰਦਾਂ ਅਤੇ ਦਰਦਮੰਦਾਂ ਦੀ ਸੇਵਾ ਆਦਿ। ਸੇਵਾ ਕਿਸੇ ਵੀ ਤਰ੍ਹਾਂ ਦੀ ਹੋਵੇ ਪਰ ਹਰ ਤਰ੍ਹਾਂ ਦੀ ਸੇਵਾ ਦਾ ਆਪਣਾ ਮਹੱਤਵ ਹੁੰਦਾ ਹੈ। ਸੇਵਾ ਕੋਈ ਵੀ ਹੋਵੇ ਬਸ ਸ਼ਰਤ ਇੰਨੀ ਜਿਹੀ ਹੈ ਕਿ ਉਹ ਨਿਸ਼ਕਾਮ ਅਤੇ ਨਿਸਵਾਰਥ ਹੋਣੀ ਚਾਹੀਦੀ ਹੈ। ਕਿਉਂਕਿ ਨਿਸ਼ਕਾਮ ਭਾਵਨਾ ਤੋਂ ਕੀਤੀ ਗਈ ਸੇਵਾ ਹੀ ਸੰਪੂਰਨ ਸੇਵਾ ਮੰਨੀ ਜਾਂਦੀ ਹੈ।

ਸਿੱਖ ਧਰਮ ਦੀ ਗੱਲ ਕਰੀਏ ਤਾਂ ਇਸਦਾ ਤਾਂ ਮੂਲ ਆਧਾਰ ਹੀ ਸੇਵਾ ਉੱਤੇ ਟਿਕਿਆ ਹੈ। ਸਿੱਖ ਧਰਮ ਦੇ ਮੂਲ ਕੇਂਦਰ ਬਿੰਦੂ ਅਧਿਆਤਮ, ਨੈਤਿਕਤਾ ਅਤੇ ਸੇਵਾ ਹੀ ਹਨ। ਸਿੱਖੀ ਅਤੇ ਸੇਵਾ ਦੋਹੇਂ ਇਕ ਹੀ ਸਿੱਕੇ ਦੇ ਦੋ ਪਹਿਲੂ ਹਨ। ਇਸ ਲਈ ਇਹ ਦੋਹੇਂ ਕਦੇ ਵੀ ਇਕ ਦੂਜੇ ਤੋਂ ਵੱਖ ਨਹੀਂ ਹੋ ਸਕਦੇ ਅਤੇ ਨਾ ਹੀ ਇਨ੍ਹਾਂ ਦੋਹਾਂ ਦੀ ਵੱਖ ਵੱਖ ਕਲਪਨਾ ਕੀਤੀ ਜਾ ਸਕਦੀ ਹੈ। ਵਿਸ਼ਵ ਭਰ ਵਿਚ ਜਦੋਂ ਜਦੋਂ ਅਤੇ ਜਿੱਥੇ ਜਿੱਥੇ ਵੀ ਸਿੱਖੀ ਦੀ ਗੱਲ ਤੁਰਦੀ ਹੈ ਤਾਂ ਉਦੋਂ ਉਦੋਂ ਲੋਕਾਂ ਦੇ ਜ਼ਿਹਨ ਵਿਚ ਕੁਦਰਤੀ ਆਪਦਾਵਾਂ

ਸਮੇਂ ਲੋੜਵੰਦਾਂ ਦੀ ਸੇਵਾ ਕਰਦੇ, ਭੁੱਖਿਆਂ ਨੂੰ ਲੰਗਰ ਵਰਤਾਉਂਦੇ, ਗਰੀਬਾਂ ਲਈ ਲੰਗਰ ਲਗਾਉਂਦੇ, ਸਮਾਜਿਕ ਕਾਰਜਾਂ ਵਿਚ ਹੱਥ ਵਟਾਉਂਦੇ ਸਿੱਖ ਪਾਤਰ ਆ ਜਾਂਦੇ ਹਨ। ਦੂਜੇ ਪਾਸੇ ਸਿੱਖੀ ਦੀ ਗੱਲ ਹੁੰਦਿਆਂ ਹੀ ਲੋਕਾਂ ਦੇ ਹੋਠਾਂ 'ਤੇ ਆਉਣ ਵਾਲਾ ਸਭ ਤੋਂ ਪਹਿਲਾ ਸ਼ਬਦ ਸੇਵਾ ਹੁੰਦਾ ਹੈ। ਇਸੇ ਤਰ੍ਹਾਂ ਸੇਵਾ, ਤਿਆਗ, ਬਲੀਦਾਨ ਅਤੇ ਸ਼ਹੀਦੀਆਂ ਦੀ ਗੱਲ ਹੁੰਦਿਆਂ ਹੀ ਲੋਕਾਂ ਦੇ ਜ਼ਿਹਨ ਜਾਂ ਤਸੱਵਰ ਵਿਚ ਮੱਲੋਮੱਲੀ ਸਿੱਖੀ ਜਾਂ ਸਿੱਖਾਂ ਦੀ ਤਸਵੀਰ ਬਣ ਜਾਂਦੀ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਿੱਖੀ ਅਤੇ ਸੇਵਾ ਇਕ ਦੂਜੇ ਨਾਲ ਇਸ ਤਰ੍ਹਾਂ ਰੱਚੇ ਮਿਚੇ ਹਨ ਜਿਵੇਂ ਮਾਸ ਨਾਲ ਨਹੁੰ। ਜੋ ਇਕ ਦੂਜੇ ਤੋਂ ਜੁਦਾ ਨਹੀਂ ਹੋ ਸਕਦੇ।ਇਹ ਦੋਹੇ ਇਕ ਸਿੱਕੇ ਦੇ ਦੋ ਪਹਿਲੂਆਂ ਸਮਾਨ ਹਨ ਜਿਨ੍ਹਾਂ ਨੂੰ ਇਕ ਦੂਜੇ ਤੋਂ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ।

ਸਿੱਖ ਧਰਮ ਵਿਚ ਸੇਵਾ ਦਾ ਵਿਸ਼ੇਸ਼ ਮਹੱਤਵ ਹੈ। ਸੇਵਾ ਨੂੰ ਵੱਖ ਵੱਖ ਵਿਦਵਾਨਾਂ ਨੇ ਆਪਣੇ ਆਪਣੇ ਮਤ ਅਨੁਸਾਰ ਵੱਖ ਵੱਖ ਤਰ੍ਹਾਂ ਨਾਲ ਪਰਿਭਾਸ਼ਿਤ ਕੀਤਾ ਹੈ। ਜਿਵੇਂ:-

> "ਅਸੀਂ ਆਮ ਤੌਰ ਤੇ ਸੇਵਾ ਨੂੰ ਤਨ, ਮਨ, ਧਨ ਨਾਲ ਕਿਸੇ ਦੀਨ, ਦਰਦਵੰਦ ਦੀ ਕੀਤੀ ਸਹਾਇਤਾ ਨੂੰ ਮੰਨ ਕੇ ਸੰਤੁਸਟ ਹੋ ਜਾਂਦੇ ਹਾਂ। ਪਰ ਗੁਰਮਤਿ ਵਿਚ ਸੇਵਾ ਸੰਕਲਪ ਦੀਆਂ ਬਹੁਤ ਸਾਰੀਆਂ ਪਰਤਾਂ ਹਨ ਜਿਵੇਂ ਪ੍ਰਭੂ ਸੇਵਾ, ਗੁਰੂ ਸੇਵਾ, ਕੀਰਤਨ ਸੇਵਾ, ਲੰਗਰ ਸੇਵਾ, ਜੋੜਿਆਂ ਦੀ ਸੇਵਾ, ਮਾਪਿਆਂ ਦੀ ਸੇਵਾ, ਬਜ਼ੁਰਗਾਂ ਦੀ ਸੇਵਾ, ਵਿਿਦਅਕ ਸੇਵਾ, ਗੁਰਬਾਣੀ-ਵਿਆਖਿਆ ਦੀ ਸੇਵਾ, ਦਵਾਖਾਨੇ ਆਦਿ।"[1]

ਉਪਰੋਕਤ ਪਰਿਭਾਸ਼ਾ ਤੋਂ ਪਤਾ ਚਲਦਾ ਹੈ ਕਿ ਸਿੱਖੀ ਵਿਚ ਸੇਵਾ ਦਾ ਕੀ ਸਥਾਨ ਹੈ। ਅਤੇ ਇਸ ਵਿਚ ਕਿਸ ਕਿਸ ਤਰ੍ਹਾਂ ਦੀ ਸੇਵਾ ਦਾ ਸੰਕਲਪ ਪ੍ਰਚਲਿਤ ਹੈ। ਇਸ ਵਿਚ ਸੇਵਾ ਦਾ ਮਹੱਤਵ ਸਿਮਰਨ ਤੋਂ ਵੀ ਵੱਧ ਦੱਸਿਆ ਗਿਆ ਹੈ। ਸਿੱਖੀ ਵਿਚ ਨਿਸ਼ਕਾਮ ਤੋਂ ਸੇਵਾ ਕਰਨ ਵਾਲੇ ਨੂੰ ਬੜਾ ਵਿਸ਼ੇਸ਼ ਰੁਤਬਾ ਦਿੰਦਿਆ ਲਿੱਖਿਆ ਗਿਆ ਹੈ

> "ਹਰਿ ਕਾ ਸੇਵਕੁ ਸੋ ਹਰਿ ਜੇਹਾ॥
> ਭੇਦੁ ਨ ਜਾਣਹੁ ਮਾਣਸ ਦੇਹਾ ॥"[2]

ਇਸ ਤਰ੍ਹਾਂ ਨਿਸ਼ਕਾਮ ਅਤੇ ਨਿਸਵਾਰਥ ਸੇਵਾ ਕਰਨ ਵਾਲੇ ਨੂੰ ਹਰਿ ਅਰਥਾਤ ਰੱਬ ਦੇ ਰੂਪ ਵਰਗਾ ਹੀ ਮੰਨਿਆ ਗਿਆ ਹੈ। ਅਰਥਾਤ ਜਦੋਂ ਮਨੁੱਖ ਆਪਣੀਆਂ ਭੌਤਿਕ ਇੱਛਾਵਾਂ ਅਤੇ ਲਾਲਚਾਂ ਨੂੰ ਆਪਣੇ ਵਸ਼ ਵਿਚ ਕਰ ਕੇ ਅਤੇ ਉਨ੍ਹਾਂ ਤੋਂ ਉੱਤੇ ਉੱਠ ਕੇ ਨਿਸ਼ਕਾਮ ਭਾਵਨਾ ਤੋਂ ਸੇਵਾ ਕਰ ਰਿਹਾ ਹੁੰਦਾ ਹੈ ਤਾਂ ਉਹ ਰੱਬ ਦਾ ਹੀ ਦੂਜਾ ਰੂਪ ਮੰਨਿਆ ਜਾਂਦਾ ਹੈ।

> "ਆਪੁ ਗਵਾਹਿ ਸੇਵਾ ਕਰੇ ਤਾ ਕਿਛੁ ਪਾਵੇ ਮਾਨੁ॥"[3]

ਇਨ੍ਹਾਂ ਸਾਰੀਆਂ ਸੇਵਾਵਾਂ ਨੂੰ ਆਧਾਰ ਬਣਾ ਕੇ ਜੇਕਰ ਸੇਵਾ ਦਾ ਸਰੀਰਿਕ ਵਰਗੀਕਰਨ ਕਰੀਏ ਤਾਂ ਅਸੀਂ ਉਸ ਨੂੰ ਤਿੰਨ ਵਰਗਾਂ ਵਿਚ ਵੰਡ ਕੇ ਵੇਖ ਸਕਦੇ ਹਾਂ।

1. ਤਨ ਦੀ ਸੇਵਾ
2. ਮਨ ਦੀ ਸੇਵਾ
3. ਧਨ ਦੀ ਸੇਵਾ

ਕਿਸੇ ਮਨੁੱਖ ਦੁਆਰਾ ਆਪਣੇ ਹੱਥਾਂ ਪੈਰਾਂ ਜਾਂ ਸਰੀਰ ਰਾਹੀਂ ਆਪਣੀ ਮਰਜ਼ੀ ਨਾਲ਼ ਕੀਤੀ ਗਈ ਸੇਵਾ ਤਨ ਦੀ ਸੇਵਾ ਦੇ ਵਰਗੀਕਰਨ ਵਿਚ ਆਉਂਦੀ ਹੈ। ਸਿੱਖੀ ਵਿਚ ਸਭ ਤੋਂ ਵੱਧ ਮਹੱਤਵ ਤਨ ਦੀ ਸੇਵਾ ਦਾ ਹੀ ਮੰਨਿਆ ਜਾਂਦਾ ਹੈ। ਇਹ ਸੇਵਾ ਨੂੰ ਸਭ ਤੋਂ ਉੱਤਮ ਸੇਵਾ ਮੰਨੀ ਗਈ ਹੈ। ਇਹ ਸੇਵਾ ਹਰ ਤੰਦਰੁਸਤ ਵਿਅਕਤੀ ਲਈ ਜ਼ਰੂਰੀ ਅਤੇ ਲਾਜ਼ਮੀ ਮੰਨੀ ਗਈ ਹੈ।ਜਿਵੇਂ ਕਿ ਪੰਜਾਬੀ ਦਾ ਇਕ ਅਖਾਣ ਪ੍ਰਚਲਿਤ ਹੈ ਕਿ 'ਖ਼ੁਦ ਮਰੇ ਬਿਨਾ ਸੁਰਗ ਨਹੀਂ ਦੇਖਿਆ ਜਾ ਸਕਦਾ' ਇਸੇ ਤਰ੍ਹਾਂ ਆਪਣੇ ਸਰੀਰ ਜਾਂ ਹੱਥਾਂ ਪੈਰਾਂ ਤੋਂ ਬਿਨਾ ਤਨ ਦੀ ਸੇਵਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹ ਸੇਵਾ ਮਨੁੱਖ ਦੇ ਆਪਣੇ ਕਿੱਤੇ ਅਤੇ ਹੁਨਰ ਦੇ ਮੁਤਾਬਿਕ ਵੀ ਹੋ ਸਕਦੀ ਹੈ।ਇਸ ਸੇਵਾ ਵਿਚ ਗੁਰੂ ਘਰ ਅਤੇ ਧਾਰਮਿਕ ਅਸਥਾਨਾਂ 'ਤੇ ਕੀਤੀ ਜਾ ਰਹੀ ਸੇਵਾ ਦੇ ਨਾਲ ਨਾਲ ਸਮਾਜਿਕ ਸਥਾਨਾਂ ਅਤੇ ਆਪਦਾਵਾਂ ਦੇ ਸਮੇਂ ਕੀਤੀ ਗਈ ਜ਼ਰੂਰਤਮੰਦਾਂ ਅਤੇ ਲੋੜਮੰਦਾਂ ਦੀ ਸੇਵਾ ਆਦਿ ਵੀ ਤਨ ਦੀ ਸੇਵਾ ਦੇ ਖੇਤਰ ਵਿਚ ਹੀ ਆਉਂਦੀ ਹੈ। ਧਾਰਮਿਕ ਸਥਾਨਾਂ 'ਤੇ ਹੁੰਦੇ ਕਾਰਜਾਂ ਜਿਵੇਂ ਗੁਰੂ ਘਰਾਂ ਦੀ ਉਸਾਰੀ ਜਾਂ ਮੁਰੰਮਤ, ਲੰਗਰ ਬਣਵਾਉਣ

© Association of Academic Researchers and Faculties (AARF)

ਅਤੇ ਪਰਤਾਉਣ ਦੀ ਸੇਵਾ, ਭਾਂਡੇ ਧੋਣ ਦੀ ਸੇਵਾ, ਸਾਫ਼ ਸਫ਼ਾਈ ਦੀ ਸੇਵਾ, ਜੋੜਿਆਂ ਦੀ ਸੇਵਾ, ਕਾਰ ਸੇਵਾ ਅਤੇ ਹੋਰ ਕਈ ਤਰ੍ਹਾਂ ਦੀ ਸੇਵਾਵਾਂ ਵੀ ਤਨ ਦੀ ਸੇਵਾ ਦਾ ਹੀ ਹਿੱਸਾ ਹਨ।ਸਿੱਖੀ ਵਿਚ ਹਰ ਤੰਦਰੁਸਤ ਵਿਅਕਤੀ ਲਈ ਇਹ ਸੇਵਾ ਲਾਜ਼ਮੀ ਮੰਨੀ ਗਈ ਹੈ। ਸਿਰਫ਼ ਬਿਮਾਰਾਂ ਅਤੇ ਅਪਾਹਿਜ਼ਾਂ ਨੂੰ ਹੀ ਇਸ ਤੋਂ ਛੂਟ ਹੈ। ਗੁਰਮਤਿ ਵਿਚ ਤਾਂ ਇਸ ਸੇਵਾ ਦਾ ਮੇਵਾ ਅਰਥਾਤ ਸੇਵਾ ਤੋਂ ਮਨ ਇੱਛਿਤ ਫ਼ਲ ਮਿਲਣ ਦੀ ਧਾਰਨਾ ਵੀ ਪ੍ਰਚਲਿਤ ਹੈ। ਪਰ ਇਸ ਸੇਵਾ ਦੇ ਸਹੀ ਰੂਪ ਵਿਚ ਨਿਸ਼ਕਾਮ ਅਤੇ ਨਿਸਵਾਰਥ ਭਾਵਨਾ ਤੋਂ ਕੀਤੀ ਗਈ ਸੇਵਾ ਹੀ ਆਉਂਦੀ ਹੈ।

ਦੂਜੀ ਸੇਵਾ ਮਨ ਦੀ ਸੇਵਾ ਹੈ। ਮਨ ਦੀ ਸੇਵਾ ਸ਼ਬਦ ਭਾਵੇਂ ਸੁਣਨ ਨੂੰ ਥੋੜਾ ਗੁੰਝਲਦਾਰ ਲਗਦਾ ਹੈ ਪਰ ਅਸਲ ਵਿਚ ਇਸ ਦਾ ਅਰਥ ਵੀ ਬਹੁਤ ਸਰਲ ਹੈ।ਇਸ ਤੋਂ ਭਾਵ ਹੈ ਕਿ ਬਿਨਾ ਕਿਸੇ ਜ਼ੋਰ ਜ਼ਬਰਦਸਤੀ ਜਾਂ ਮਜ਼ਬੂਰੀ ਤੋਂ ਆਪਣੇ ਮਨ ਜਾਂ ਆਪਣੀ ਮਰਜ਼ੀ ਨਾਲ ਕੀਤੀ ਗਈ ਸੇਵਾ ਹੀ ਮਨ ਦੀ ਸੇਵਾ ਹੈ। ਭਾਵੇਂ ਇਹ ਵੀ ਤਨ ਦੀ ਸੇਵਾ ਦਾ ਹੀ ਅੰਗ ਹੈ । ਪਰ ਜਦ ਤਕ ਤਨ ਦੀ ਸੇਵਾ ਆਪਣੇ ਮਨ ਅਰਥਾਤ ਮਨ ਦੀ ਇੱਛਾ ਨਾਲ ਨਾ ਕੀਤੀ ਜਾਵੇ ਤਦ ਤਕ ਉਹ ਸੰਪੂਰਨ ਨਹੀਂ ਮੰਨੀ ਜਾਂਦੀ। ਅਰਥਾਤ ਬਿਨਾ ਮਨ ਦੀ ਇੱਛਾ ਤੋਂ ਕਿਸੇ ਦੇ ਦਬਾਅ ਵਿਚ ਆ ਕੇ ਕੀਤੀ ਸੇਵਾ ਨੂੰ ਸੇਵਾ ਦੇ ਖੇਤਰ ਵਿਚ ਨਹੀਂ ਗਿਣਿਆ ਜਾਂਦਾ। ਇਸ ਲਈ ਸੇਵਾ ਦਾ ਸਭ ਤੋਂ ਪਹਿਲਾ ਤੱਤ ਮਨ ਦੀ ਇੱਛਾ ਹੈ। ਇਸ ਲਈ ਗੁਰਬਾਣੀ ਵਿਚ ਲਿਖਿਆ ਵੀ ਹੈ:-

"ਸਤਿਗੁਰ ਕੀ ਸੇਵਾ ਸਫ਼ਲ ਹੈ ਜੇ ਕੋ ਕਰੇ ਚਿਤ ਲਾਇ॥

ਮਨਿ ਚਿੰਦਿਆ ਫ਼ਲ ਪਾਵਣਾ ਹਉਮੈ ਵਿਚਹੁ ਜਾਇ॥"[4]

ਸਿੱਖੀ ਵਿਚ ਮਨ ਦੀ ਸੇਵਾ ਤੋਂ ਬਾਅਦ ਧਨ ਦੀ ਸੇਵਾ ਦਾ ਵੀ ਵਿਸ਼ੇਸ਼ ਸਥਾਨ ਹੈ। ਕਿਉਂਕਿ ਸਮਾਜ ਵਿਚ ਕਈ ਮਨੁੱਖ ਤਨ ਦੀ ਸੇਵਾ ਕਰਨ ਦੇ ਸਮਰੱਥ ਨਹੀਂ ਹੁੰਦੇ। ਜੋ ਸਰੀਰਿਕ ਰੂਪ ਤੋਂ ਪੂਰਨ ਤੰਦਰੁਸਤ ਨਹੀਂ ਹੁੰਦੇ ਅਤੇ ਸੇਵਾ ਕਰਨ ਦੇ ਸਮਰੱਥ ਨਹੀਂ ਹੁੰਦੇ ਉਨ੍ਹਾਂ ਲਈ ਵੀ ਸੇਵਾ ਦਾ ਪ੍ਰਾਵਧਾਨ ਹੈ। ਬਹੁਤ ਸਾਰੇ ਲੋਕ ਅਜਿਹੇ ਵੀ ਹੁੰਦੇ ਹਨ ਜੋ ਪਰਿਵਾਰਿਕ ਰੁਝੇਵਿਆਂ, ਕਾਰੋਬਾਰ ਜਾਂ ਨੌਕਰੀ ਕਾਰਨ ਤਨ ਦੀ ਸੇਵਾ ਵਿਚ ਆਪਣਾ ਹਿੱਸਾ ਨਹੀਂ ਪਾ ਸਕਦੇ। ਅਜਿਹੇ ਮਨੁੱਖਾਂ ਲਈ ਵੀ ਸੇਵਾ ਦਾ ਪ੍ਰਾਵਧਾਨ ਹੈ। ਉਹ ਧਨ ਦੀ ਸੇਵਾ ਨਾਲ ਸੇਵਾ ਕਰ ਕੇ ਸੇਵਾ ਵਿਚ ਆਪਣਾ ਹਿੱਸਾ ਪਾ ਸਕਦੇ ਹਨ। ਕਿਉਂਕਿ ਹਰ ਧਰਮ ਵਿਚ ਧਾਰਮਿਕ ਅਤੇ ਸਮਾਜਿਕ ਕਾਰਜਾਂ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਧਨ ਦੀ ਵਿਸ਼ੇਸ਼ ਜ਼ਰੂਰਤ ਪੈਂਦੀ ਹੈ। ਜਿਵੇਂ ਗੁਰੂ ਘਰ ਦੀ ਇਮਾਰਤਾਂ ਦੀ ਉਸਾਰੀ ਅਤੇ ਲੰਗਰ ਆਦਿ ਦੀ ਸੇਵਾ ਲਈ ਆਟਾ, ਦਾਲਾਂ, ਸਬਜੀਆਂ, ਇੰਧਨ, ਮਸਾਲੇ ਅਤੇ ਹੋਰ ਸਾਮਾਨ ਲਈ ਧਨ ਦੀ ਜ਼ਰੂਰਤ ਪੈਂਦੀ ਹੈ। ਇਸ ਲਈ ਧਨ ਦੀ ਸੇਵਾ ਦਾ ਵੀ ਵਿਸ਼ੇਸ਼ ਸਥਾਨ ਹੈ। ਸਿੱਖੀ ਵਿਚ ਸਿੱਖਾਂ ਲਈ ਦਸਵੰਧ ਦਾ ਨਿਯਮ ਵੀ ਹੈ। ਹਰ ਸਿੱਖ ਨੂੰ ਇਹ ਹੁਕਮ ਹੈ ਕਿ ਆਪਣੇ ਦਸ ਨਹੁੰਆਂ ਦੀ ਨੇਕ ਕਮਾਈ ਵਿਚੋਂ ਦਸਵਾਂ ਹਿੱਸਾ ਕੱਢ ਕੇ ਉਸ ਨੂੰ ਸੇਵਾ ਵਿਚ ਲਾਉਣਾ ਚਾਹੀਦਾ ਹੈ। ਅਜੋਕੇ ਸਮੇਂ ਵਿਚ ਹਰ ਕੰਮ ਲਈ ਧਨ ਦੀ ਲੋੜ ਹੁੰਦੀ ਹੈ। ਇਸ ਲਈ ਧਨ ਦੀ ਸੇਵਾ ਦਾ ਵੀ ਵਿਸ਼ੇਸ਼ ਮਹਤੱਵ ਹੈ।

ਸਿੱਖ ਧਰਮ ਵਿਚ ਸੇਵਾ ਦਾ ਸੰਕਲਪ ਮੁੱਢ ਤੋਂ ਹੀ ਤੁਰਿਆ ਆ ਰਿਹਾ ਹੈ। ਇਸਦਾ ਮੁੱਢ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਨਾਲ ਜੁੜਿਆ ਹੈ। ਜਦੋਂ ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਵੀਹ ਰੁਪਏ ਦੇ ਕੇ ਸੌਦਾ ਕਰਨ ਲਈ ਭੇਜਿਆ ਤਾਂ ਗੁਰੂ ਨਾਨਕ ਦੇਵ ਨੇ ਵਿਓਪਾਰ ਦੀ ਥਾਂ ਸੇਵਾ ਦਾ ਰਾਹ ਚੁਣਿਆ ਅਤੇ ਉਸ ਸਮੇਂ ਜਦੋਂ ਵੀਹ ਰੁਪਏ ਬਹੁਤ ਵੱਡੀ ਰਕਮ ਹੁੰਦੀ ਸੀ ਜਿਸ ਨਾਲ ਕੋਈ ਵੀ ਕਾਰੋਬਾਰ ਸ਼ੁਰੂ ਕੀਤਾ ਜਾ ਸਕਦਾ ਸੀ। ਉਦੋਂ ਗੁਰੂ ਨਾਨਕ ਦੇਵ ਜੀ ਨੇ ਸੇਵਾ ਦਾ ਮਾਰਗ ਚੁਣ ਕੇ ਉਹ ਪੂੰਜੀ ਭੁੱਖੇ ਸਾਧੂ ਸੰਤਾਂ ਨੂੰ ਰੋਟੀ ਖਵਾਉਣ ਵਿਚ ਲਗਾ ਦਿੱਤੀ। ਗੁਰੁ ਨਾਨਕ ਦੇਵ ਜੀ ਦੁਆਰਾ ਵੀਹ ਰੁਪਈਆਂ ਨਾਲ ਸ਼ੁਰੂ ਕੀਤੀ ਉਹ ਲੰਗਰ ਦੀ ਸੇਵਾ ਅੱਜ ਤਕ ਸੰਸਾਰ ਭਰ ਵਿਚ ਜਿਉਂ ਦੀ ਤਿਉਂ ਚਲ ਰਹੀ ਹੈ। ਅੱਜ ਦੁਨੀਆ ਭਰ ਵਿਚ ਸਿੱਖ ਕੌਮ ਅਟੱੁਟ ਲੰਗਰ ਵਰਤਾਉਣ ਕਰ ਕੇ ਜਾਣੀ ਜਾਂਦੀ ਹੈ। ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਵਿਚ ਚਲ ਰਿਹਾ ਲੰਗਰ ਦੁਨੀਆ ਦਾ ਸਭ ਤੋਂ ਵੱਡਾ ਲੰਗਰ ਮੰਨਿਆ ਜਾਂਦਾ ਹੈ।

ਸਿੱਖ ਧਰਮ ਦੇ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਵੀ ਆਪਣੇ ਆਪ ਵਿਚ ਸੇਵਾ ਦੀ ਮਿਸਾਲ ਸਨ। ਗੁਰੁ ਨਾਨਕ ਦੇਵ ਨਾਲ ਰਹਿੰਦੇ ਭਾਈ ਲਹਿਣਾ ਜੀ ਆਪਣੇ ਆਪ ਵਿਚ ਗੁਰੂ ਦੀ ਸੇਵਾ ਦਾ ਉਦਹਾਰਨ ਸਨ। ਉਹ ਗੁਰੂ ਅਤੇ ਪੰਥ ਦੀ ਸੇਵਾ ਲਈ ਸਦਾ ਤਨ ਅਤੇ ਮਨ ਤੋਂ ਤਿਆਰ ਰਹਿੰਦੇ ਸਨ। ਉਹ ਬਿਨਾ ਕਿਸੇ ਸਵਾਰਥ ਤੋਂ ਸੇਵਾ ਕਰਦੇ ਸਨ। ਗੁਰੂ ਨਾਨਕ ਦੇਵ ਜੀ ਉਨ੍ਹਾਂ

ਦੀ ਸੇਵਾ ਤੋਂ ਬਹੁਤ ਪ੍ਰਭਾਵਿਤ ਸਨ। ਜਦੋਂ ਗੁਰ ਗੱਦੀ ਦੇਣ ਦਾ ਸਮਾਂ ਆਇਆ ਤਾਂ ਕਈ ਜਣੇ ਖੁਦ ਨੂੰ ਗੁਰਗੱਦੀ ਦਾ ਹੱਕਦਾਰ ਦੱਸਣ ਲੱਗੇ। ਜਿਨ੍ਹਾਂ ਵਿਚੋਂ ਖੁਦ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਵੀ ਸ਼ਾਮਿਲ ਸਨ। ਪਰ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਸਾਰਿਆਂ ਨੂੰ ਦਰਕਿਨਾਰ ਕਰਕੇ ਭਾਈ ਲਹਿਣਾ ਜੀ ਦੀ ਸੇਵਾ ਭਾਵਨਾ ਨੂੰ ਮੁੱਖ ਰੱਖਦਿਆਂ ਭਾਈ ਲਹਿਣਾ ਨੂੰ ਅੰਗਦ ਦੇਵ ਬਣਾ ਕੇ ਉਨ੍ਹਾਂ ਨੂੰ ਗੁਰਗੱਦੀ ਦਿੱਤੀ। ਗੁਰੂ ਨਾਨਕ ਦੇਵ ਦੁਆਰਾ ਗੁਰੂ ਅੰਗਦ ਦੇਵ ਨੂੰ ਗੁਰਗੱਦੀ ਦੇਣ ਵਿਚ ਇਕ ਵੱਡਾ ਕਾਰਨ ਉਨ੍ਹਾਂ ਵਿਚਲੀ ਪ੍ਰਬਲ ਸੇਵਾ ਭਾਵਨਾ ਦਾ ਹੋਣਾ ਸੀ। ਗੁਰੂ ਅਮਰਦਾਸ ਜੀ ਨੇ ਵੀ ਸੇਵਾ ਦੀ ਮਾਨਤਾ ਨੂੰ ਨਿਭਾਉਂਦਿਆ ਗੁਰੂ ਅੰਗਦ ਦੇਵ ਜੀ ਦੇ ਕੁੜਮ ਹੁੰਦਿਆਂ ਹੋਇਆਂ ਵੀ ਉਨ੍ਹਾਂ ਦੇ ਕੋਲ ਸੇਵਾ ਕਰ ਕੇ ਸੇਵਾ ਦੇ ਸੰਕਲਪ ਨੂੰ ਨਿਭਾਉਂਦਿਆਂ ਸਿੱਖੀ ਵਿਚ ਸੇਵਾ ਦੇ ਮਹੱਤਵ ਨੂੰ ਅਰਥ ਭਰਪੂਰ ਕਰਨ ਵਿਚ ਯੋਗਦਾਨ ਪਾਇਆ। ਇਸ ਤਰ੍ਹਾਂ ਅਸੀਂ ਸਮਝ ਸਕਦੇ ਹਾਂ ਕਿ ਸਿੱਖੀ ਦਾ ਸੇਵਾ ਦੇ ਨਾਲ ਬਹੁਤ ਪੁਰਾਣਾ ਰਿਸ਼ਤਾ ਹੈ। ਬਲਕਿ ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਸਿੱਖੀ ਦੀ ਨੀਹ ਹੀ ਸੇਵਾ ਦੇ ਸੰਕਲਪ ’ਤੇ ਅਧਾਰਿਤ ਹੈ।

ਇਸ ਦੇ ਨਾਲ ਹੀ ਸਿੱਖੀ ਜਗਤ ਵਿਚ ਗੁਰੂਆਂ ਦੇ ਨਾਲ ਨਾਲ ਹੀ ਸੇਵਾਦਾਰਾਂ ਦੀ ਵੀ ਬਹੁਤ ਅਮੀਰ ਅਤੇ ਹਰੀ ਭਰੀ ਰਹੀ ਪਰੰਪਰਾ ਹੈ। ਇਸ ਲੜੀ ਵਿਚ ਵੀ ਸਾਡੇ ਸਾਹਮਣੇ ਕਈ ਕਿਰਦਾਰ ਸਿੱਖੀ ਦੇ ਇਤਿਹਾਸ ਵਿਚ ਸੇਵਾ ਦੇ ਸੰਕਲਪ ਵਜੋਂ ਮੀਲ ਪੱਥਰ ਬਣ ਕੇ ਖੜ੍ਹੇ ਨਜ਼ਰ ਆਉਂਦੇ ਹਨ। ਜਿਨ੍ਹਾਂ ਵਿਚੋਂ ਭਾਈ ਘਨ੍ਹਈਆ ਜੀ ਦਾ ਨਾਮ ਸੇਵਾ ਦੇ ਖੇਤਰ ਵਿਚ ਕਿਸੇ ਤਰ੍ਹਾਂ ਦੀ ਜਾਣ ਪਛਾਣ ਦਾ ਮੁਥਾਜ ਨਹੀਂ ਹੈ। ਉਨ੍ਹਾਂ ਨੂੰ ਸੇਵਾ ਦੇ ਪੁੰਜ ਕਹਿ ਕੇ ਵੀ ਸਤਿਕਾਰਿਆ ਜਾਂਦਾ ਹੈ।ਉਨ੍ਹਾਂ ਨੇ ਆਪਣਾ ਸਾਰਾ ਜੀਵਨ ਮਾਨਵਤਾ ਦੀ ਸੇਵਾ ਵਿਚ ਸਮਰਪਿਤ ਕਰ ਦਿੱਤਾ। ਗੁਰੂ ਗੋਬਿੰਦ ਜੀ ਦੀ ਮੁਗਲਾਂ ਨਾਲ ਲੜਾਈ ਸਮੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਘਨ੍ਹਈਆ ਦੀ ਸੇਵਾ ਯੁੱਧ ਵਿਚ ਜ਼ਖ਼ਮੀ ਸੈਨਿਕਾਂ ਦੀ ਮਲ੍ਹਮ ਪੱਟੀ ਕਰਨ ਅਤੇ ਉਨ੍ਹਾਂ ਨੂੰ ਪਾਣੀ ਪਿਲਾਉਣ ਲਈ ਲਗਾ ਦਿੱਤੀ। ਭਾਈ ਘਨ੍ਹਈਆ ਜਦੋਂ ਜ਼ਖ਼ਮੀ ਸੈਨਿਕਾਂ ਨੂੰ ਪਾਣੀ ਪਿਲਾਉਂਦੇ ਤਾਂ ਉਹ ਦੁਸ਼ਮਨ ਫੋਜ ਦੇ ਜ਼ਖਮੀ ਸੈਨਿਕਾਂ ਨੂੰ ਵੀ ਪਾਣੀ ਪਿਲਾਉਂਦੇ ਅਤੇ ਉਨ੍ਹਾਂ ਦੀ ਮਲ੍ਹਮ ਪੱਟੀ ਵੀ ਕਰ ਦਿੰਦੇ। ਜਦੋਂ ਇਹ ਗੱਲ ਫੌਜ ਨੂੰ ਪਤਾ ਲੱਗੀ ਤਾਂ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਕੋਲ ਭਾਈ ਘਨ੍ਹਈਆ ਜੀ ਦੀ ਸ਼ਿਕਾਇਤ ਕਰਦਿਆਂ ਕਿਹਾ ਕਿ ਗੁਰੂ ਜੀ ਅਸੀਂ ਆਪਣੀ ਜਾਨ ਤੇ ਖੇਡ ਕੇ ਜਿਨ੍ਹਾਂ ਸੈਨਿਕਾਂ ਨੂੰ ਜ਼ਖਮੀ ਕਰਦੇ ਹਾਂ ਭਾਈ ਘਨ੍ਹਈਆ ਉਨ੍ਹਾਂ ਨੂੰ ਪਾਣੀ ਪਿਲਾ ਕੇ ਅਤੇ ਉਨ੍ਹਾਂ ਦੀ ਮਲ੍ਹਮ ਪੱਟੀ ਕਰ ਕੇ ਉਨ੍ਹਾਂ ਨੂੰ ਦੁਬਾਰਾ ਲੜਨ ਜੋਗੇ ਕਰ ਦਿੰਦਾ ਹੈ। ਭਾਈ ਘਨ੍ਹਈਆ ਦੀ ਸ਼ਿਕਾਇਤ ਸੁਣ ਕੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਘਨ੍ਹਈਆ ਨੂੰ ਸਦ ਕੇ ਉਸ ਤੋਂ ਇਸ ਦਾ ਕਾਰਨ ਪੁੱਛਿਆ ਤਾਂ ਭਾਈ ਘਨ੍ਹਈਆ ਨੇ ਜਵਾਬ ਦਿੰਦਿਆਂ ਕਿਹਾ :-

ਸਭ ਮੈ ਏਕ ਬ੍ਰਹਮ ਹੀ ਪੂਰਨ॥
ਤਿਸ ਕਾ ਰੂਪ ਪਛਾਨ ਤੂਰਨ॥
ਇਹ ਉਪਦੇਸ਼ ਕਰਯੋ ਜੋ ਆਪ॥
ਸੋ ਹਮ ਰਖਯੋ ਉਰ ਮੈ ਥਾਪ॥[5]

ਅਰਥਾਤ ਮੈਨੂੰ ਤਾਂ ਹਰ ਇਨਸਾਨ ਵਿਚ ਹੀ ਰੱਬ ਦਿਸਦਾ ਹੈ ਫਿਰ ਭਾਵੇਂ ਉਹ ਆਪਣੀ ਫੌਜ ਦਾ ਸੈਨਿਕ ਹੋਵੇ ਜਾਂ ਫਿਰ ਦੁਸ਼ਮਨ ਦੀ ਫੌਜ ਦਾ ਹੀ ਕਿਉਂ ਨਾ ਹੋਵੇ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਿੱਖ ਧਰਮ ਦਾ ਸੇਵਾ ਨਾਲ ਮੁੱਢ ਤੋਂ ਹੀ ਅਟੁੱਟ ਸੰਬੰਧ ਹੈ। ਸਿੱਖੀ ਦਾ ਦੂਜਾ ਨਾਮ ਸੇਵਾ ਹੈ ਅਤੇ ਸੇਵਾ ਦਾ ਦੂਜਾ ਨਾਮ ਸਿੱਖੀ ਹੈ। ਇਹ ਦੋਹੇਂ ਇਕ ਦੂਜੇ ਦੇ ਪੂਰਕ ਹਨ। ਸਿੱਖੀ ਦੀ ਨੀਹ ਹੀ ਸੇਵਾ ਤੇ ਅਧਾਰਿਤ ਹੈ। ਇਸੇ ਲਈ ਜਦ ਜਦ ਵੀ ਦੁਨੀਆ ਵਿਚ ਕਿਤੇ ਵੀ ਸੇਵਾ ਅਤੇ ਸਹੀਦੀਆਂ ਦੀ ਗੱਲ ਤੁਰਦੀ ਹੈ ਤਾਂ ਸਭ ਦੇ ਜ਼ਿਹਨ ਵਿਚ ਪਹਿਲਾ ਤਸੱਵਰ ਸਿੱਖੀ ਦਾ ਬਣਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਸੰਪਾ- ਜਸਬੀਰ ਸਿੰਘ ਸਾਬਰ, ਗੁਰਮਤਿ ਵਿਚ ਬਹੁਪੱਖੀ ਸੇਵਾ ਦਾ ਸੰਕਲਪ, ਵਿਸਾਦੁ ਨਾਦ ਪਬਲੀਕੇਸ਼ਨ, ਲੁਧਿਆਨਾ-2013, ਪੰਨਾ- 21

2. ਸ੍ਰੀ ਗੁਰੁ ਗ੍ਰੰਥ ਸਾਹਿਬ, ਅੰਗ-1076
3. ਉਹੀ …… ਪੰਨਾ - 474
4. ਉਹੀ …… ਪੰਨਾ- 552
5. ਗਿਆਨ ਸਿੰਘ(ਗਿ.) ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਪੰਨਾ- 1287